ਦਫ਼ਤਰ ਡਾਇਰੈਕਟਰ ਰਾਜ ਵਿੱਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ, ਪੰਜਾਬ
ਬਲਾਕ-ਈ, ਛੇਵੀਂ ਮੰਜਿਲ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਮੁਹਾਲੀ
ਫੋਨ ਨੰ: 0172-2212221, ਫੈਕਸ ਨੰ: 0172-2212793

ਵੱਲ:-

ਸਮੂਹ ਸਕੂਲ ਮੁਖੀ
ਪੰਜਾਬ।

ਮੀਮੋ ਨੰ:-5/26-2018 (ਅਕ) ਉਡਾਣ ।
ਮਿਤੀ: 27-06-2018

ਵਿਸ਼ਾ :- 'ਉਡਾਣ' ਪ੍ਰੋਜੈਕਟ ਦੀਆਂ ਹਦਾਇਤਾਂ ਸਬੰਧੀ।

ਉਕਤ ਵਿਸ਼ੇ ਦੇ ਸੰਬੰਧ ਵਿੱਚ ਮਾਨਯੋਗ ਸਕੱਤਰ ਸਕੂਲ ਸਿੱਖਿਆ ਜੀ, ਪੰਜਾਬ ਦੀਆਂ ਹਦਾਇਤਾਂ ਅਨੁਸਾਰ 'ਉਡਾਣ' ਪ੍ਰੋਜੈਕਟ ਸੈਸ਼ਨ 2018-19 ਤੋਂ ਮੁੜ ਸ਼ੁਰੂ ਕੀਤਾ ਜਾ ਰਿਹਾ ਹੈ।ਪ੍ਰਸ਼ਨਾਵਲੀ 02-07-2018 ਤੋਂ ਭੇਜੀ ਜਾਣੀ ਹੈ। ਇਸ ਸੰਬੰਧੀ ਸਕੂਲ ਮੁਖੀਆਂ ਨੂੰ ਹੇਠ ਲਿਖੀਆਂ ਹਦਾਇਤਾਂ ਜਾਰੀ ਕੀਤੀਆਂ ਜਾਂਦੀਆਂ ਹਨ:-

1) ਸਵੇਰ ਦੀ ਸਭਾ ਵੇਲੇ ਇਹ ਪ੍ਰਸ਼ਨਾਵਲੀ ਅਨਾਊਂਸ ਕਰਨੀ ਯਕੀਨੀ ਬਣਾਈ ਜਾਵੇ।

2) ਹਰ ਰੋਜ਼ ਭੇਜੀ ਜਾਂਦੀ ਪ੍ਰਸ਼ਨਾਵਲੀ ਨੂੰ ਸਕੂਲ ਵਿੱਚ ਸਹੀ ਜਗ੍ਹਾ ਤੇ ਅਲੱਗ-ਅਲੱਗ ਗਰੁੱਪ ਵਾਈਜ਼ ਲਗਾਇਆ ਜਾਵੇ ਤਾਂ ਜੋ ਵਿਦਿਆਰਥੀਆਂ ਦਾ ਇਕੱਠ ਨਾ ਹੋ ਸਕੇ।

3) ਸਕੂਲ ਵਿੱਚ ਇਸ ਕੰਮ ਲਈ ਵਿਦਿਆਰਥੀਆਂ ਦੀ ਪੜ੍ਹਾਈ ਦਾ ਸਮਾਂ ਖਰਾਬ ਨਾ ਕੀਤਾ ਜਾਵੇ।

4) ਵਿਦਿਆਰਥੀਆਂ ਵੱਲੋਂ ਇਹ ਪ੍ਰਸ਼ਨ ਅੱਧੀ ਛੁੱਟੀ ਦੇ ਸਮੇਂ ਵਿੱਚ ਹੀ ਨੋਟ ਕੀਤੇ ਜਾਣ।

5) ਸਮੂਹ ਸਕੂਲ ਮੁੱਖੀ/ਇੰਚਾਰਜ ਇਹ ਯਕੀਨੀ ਬਣਾਉਣਗੇ ਕਿ ਉਨ੍ਹਾਂ ਦੇ ਸਕੂਲ ਵਿੱਚ 'ਉਡਾਣ' ਪ੍ਰੋਜੈਕਟ ਠੀਕ ਤਰੀਕੇ ਨਾਲ ਚਲਾਇਆ ਜਾ ਰਿਹਾ ਹੈ। ਸਕੂਲ ਵਿੱਚੋਂ ਇਸ ਕੰਮ ਲਈ ਇੱਕ ਅਧਿਆਪਕ ਦੀ ਡਿਊਟੀ ਰਿਕਾਰਡ ਮੇਨਟੇਨ ਕਰਨ ਲਈ ਲਗਾਈ ਜਾਵੇ।

6) ਹਰ ਮਹੀਨੇ ਦੇ ਅਖੀਰਲੇ ਕੰਮ ਵਾਲੇ ਦਿਨ ਦੇ ਅਖੀਰਲੇ ਪੀਰੀਅਡ ਵਿੱਚ ਟੈਸਟ ਲਿਆ ਜਾਵੇ ਅਤੇ ਇਸਦਾ ਰਿਕਾਰਡ ਵੀ ਸਹੀ ਤਰੀਕੇ ਨਾਲ ਮੇਨਟੇਨ ਕੀਤਾ ਜਾਵੇ।

7) ਇਹ ਟੈਸਟ ਮੁੱਖ ਦਫਤਰ ਵੱਲੋਂ ਹੀ ਤਿਆਰ ਕਰਕੇ ਭੇਜਿਆ ਜਾਵੇਗਾ।

8) ਵਿਭਾਗ ਵੱਲੋਂ ਲਈ ਜਾਣ ਵਾਲੀ 2017-18 ਦੀ ਪ੍ਰੀਖਿਆ ਦਾ ਸ਼ਡਿਊਲ ਜਲਦੀ ਹੀ ਜਾਰੀ ਕਰਕੇ ਆਪਜੀ ਨੂੰ ਭੇਜਿਆ ਜਾਵੇਗਾ।

9) ਅਧਿਆਪਕ ਵਿਦਿਆਰਥੀਆਂ ਨੂੰ ਇਨ੍ਹਾਂ ਪ੍ਰਸ਼ਨਾਂ ਦੇ ਹੱਲ/ਉੱਤਰ ਆਪ ਲੱਭਣ ਲਈ ਪ੍ਰੇਰਿਤ ਕਰਨਗੇ।

10) ਜੇਕਰ ਕੋਈ ਅਧਿਕਾਰੀ /ਕਰਮਚਾਰੀ ਇਸ ਪ੍ਰੋਜੈਕਟ ਸੰਬੰਧੀ ਕੋਈ ਸੁਝਾਅ ਜਾਂ ਆਪਣੇ ਵਿਸ਼ੇ ਦੇ ਕਿਸੇ ਵੀ ਪੱਧਰ ਤੇ ਸੁਝਾਅ/ਪ੍ਰਸ਼ਨ ਭੇਜਣਾ ਚਾਹੁੰਦੇ ਹੋਣ ਤਾਂ ਉਹ ਆਪਣੇ ਸੁਝਾਅ/ਪ੍ਰਸ਼ਨ kuldipkumarvarma@gmail.com ਈ-ਮੇਲ ਤੇ ਭੇਜ ਸਕਦੇ ਹਨ।

11) ਉਕਤ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ। ਇਸ ਵਿੱਚ ਕਿਸੇ ਕਿਸਮ ਦੀ ਉਣਤਾਈ ਦੀ ਨਿਰੋਲ ਜ਼ਿੰਮੇਵਾਰੀ ਸਕੂਲ ਮੁੱਖੀ ਦੀ ਹੋਵੇਗੀ।

ਉਕਤ ਹਦਾਇਤਾਂ ਬਾਰੇ ਜੇਕਰ ਕੋਈ ਸ਼ਪਸ਼ਟੀਕਰਨ ਲੈਣਾ ਹੋਵੇ ਤਾਂ ਮੁੱਖ ਦਫਤਰ ਦੀ ਬਣੀ ਟੀਮ ਦੇ ਮੈਂਬਰ ਸ੍ਰੀ ਕੁਲਦੀਪ ਕੁਮਾਰ ਵਰਮਾ ਵਿਸ਼ਾ ਮਾਹਿਰ (9781700131) ਤੋਂ ਲਿਆ ਜਾ ਸਕਦਾ ਹੈ।

ਡਾਇਰੈਕਟਰ
ਐਸ. ਸੀ. ਈ. ਆਰ. ਟੀ. ਪੰਜਾਬ
21.2

ਪਿੱਠ ਅੰਕਣ: ਉਕਤ ਮਿਤੀ: ਐਸ.ਏ. ਐਸ. ਨਗਰ

ਉਕਤ ਦਾ ਉਤਾਰਾ ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.) ਨੂੰ ਲਿਖਕੇ ਭੇਜਿਆ ਜਾਂਦਾ ਹੈ ਕਿ:-

1) ੳ) ਇਹ ਪ੍ਰੋਜੈਕਟ ਜ਼ਿਲ੍ਹੇ ਦੇ ਹਰ ਸਕੂਲ ਵਿੱਚ ਚੱਲਣਾ ਯਕੀਨੀ ਬਣਾਇਆ ਜਾਵੇ।

ਅ) ਸਮੇਂ-ਸਮੇਂ ਤੇ ਇਸਪ੍ਰੋਜੈਕਟ ਦੀ ਚੈਕਿੰਗ ਖੁਦ ਜਾ ਕੇ ਜਾਂ ਆਪਣੀ ਕੋਈ ਟੀਮ ਭੇਜਕੇ ਕਰਵਾਈ ਜਾਵੇ।

2) ਐਮ.ਆਈ.ਐਸ. ਵਿੰਗ, ਦਫ. ਡੀ.ਜੀ.ਐਸ.ਈ., ਪੰਜਾਬ ਨੂੰ ਸੂਚਨਾ ਅਤੇ ਵੈਬ-ਸਾਈਟ ਤੇ ਪਾਉਣ ਹਿੱਤ ਭੇਜਿਆ ਜਾਂਦਾ ਹੈ।

ਡਾਇਰੈਕਟਰ
ਐਸ. ਸੀ. ਈ. ਆਰ. ਟੀ. ਪੰਜਾਬ
21.2